# ਨਮੂਨੇ ਦਾ ਪ੍ਰਸ਼ਨ-ਪੱਤਰ
## ਜਮਾਤ-ਗਿਆਰ੍ਹਵੀਂ
## ਪੰਜਾਬੀ ਚੋਣਵੀਂ
## ਵਿੱਦਿਅਕ ਵਰ੍ਹਾ: 2020-2021

ਸਮਾਂ: 3 ਘੰਟੇ

ਲਿਖਤੀ ਅੰਕ= 80,ਆਂਤਰਿਕ ਮੁਲਾਂਕਣ=20
ਕੁੱਲ ਅੰਕ= 100

ਨੋਟ: **5 ਅੰਕ ਸੁੰਦਰ ਲਿਖਾਈ** ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।

(1) ਪ੍ਰਸ਼ਨ-ਪੱਤਰ ਦੇ ਕੁੱਲ 8 ਪ੍ਰਸ਼ਨ ਹਨ।
(2) ਸਾਰੇ ਪ੍ਰਸ਼ਨ ਜ਼ਰੂਰੀ ਹਨ।
(3) ਭਾਗ (ੳ), (ਅ), (ੲ) ਅਤੇ (ਸ) ਵਸਤੂਨਿਸ਼ਠ ਪ੍ਰਸ਼ਨਾਂ ਦੇ ਹਨ।ਹਰੇਕ ਪ੍ਰਸ਼ਨ ਦੇ 2 ਅੰਕ ਹਨ।

ਪ੍ਰਸ਼ਨ 1. ਵਸਤੂਨਿਸ਼ਠ ਪ੍ਰਸ਼ਨ:

ਭਾਗ(ੳ): ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਉ:

1. ਪ੍ਰਿੰਸੀਪਲ ਐੱਸ. ਐੱਸ. ਅਮੋਲ ਨੇ ਆਪਣੇ ਸਫ਼ਰਨਾਮੇ ਵਿੱਚ ਕਿਸ ਥਾਂ ਦੇ ਜੰਗਲਾਂ ਦਾ ਜ਼ਿਕਰ ਕੀਤਾ ਹੈ?
2. **ਬਾਰਾਮਾਂਹ** ਕਵਿਤਾ ਕਿਸ ਕਵੀ ਦੀ ਰਚਨਾ ਹੈ?
3. ਪ੍ਰੋ. ਪੂਰਨ ਸਿੰਘ ਨੇ ਕਿਸ ਤਰ੍ਹਾਂ ਦੀ ਕਵਿਤਾ ਦਾ ਮੁੱਢ ਬੰਨ੍ਹਿਆ ਹੈ?
4. 'ਰਿੱਧਾ' (ਮਾਝੀ ਭਾਸ਼ਾ) ਸ਼ਬਦ ਦਾ ਟਕਸਾਲੀ ਰੂਪ ਲਿਖੋ?
5. ਆਧੁਨਿਕ ਪੰਜਾਬੀ ਸਾਹਿਤ ਦਾ ਪਿਤਾਮਾ ਕੌਣ ਹੈ?

ਭਾਗ(ਅ): ਬਹੁ-ਚੋਣਵੇਂ ਪ੍ਰਸ਼ਨ:

1. ਅਮਰੀਕਨ ਲੋਕ ਕਿੰਨੇ ਸਮੇਂ ਦੀ ਯੋਗ ਵਰਤੋਂ ਕਰਦੇ ਹਨ ਅਤੇ ਪੂਰੀ ਵੰਡ ਕਰਦੇ ਹਨ?

   (ੳ) 5 ਘੰਟਿਆਂ ਦੀ (ਅ) 24 ਘੰਟਿਆਂ ਦੀ

   (ੲ) 12 ਘੰਟਿਆਂ ਦੀ (ਸ) 6 ਘੰਟਿਆਂ ਦੀ

2. 'ਤੈਨੂੰ' ਸ਼ਬਦ ਦਾ ਪੁਆਧੀ ਉਪ-ਭਾਸ਼ਾ ਵਿਚ ਰੁਪਾਂਤਰਨ ਕਰੋ।

   (ੳ) ਥਮੇਂ (ਅ) ਥਾਨੂੰ

   (ੲ) ਸੁਾਨੂੰ (ਸ) ਕੈਸਾਂ

3. ਸ੍ਰੀ ਹਰਮੰਦਿਰ ਸਾਹਿਬ ਦਾ ਨੀਂਹ ਪੱਥਰ ਕਿਸ ਮੁਸਲਮਾਨ ਨੇ ਰੱਖਿਆ ਸੀ?

   (ੳ) ਡਾ. ਨਜ਼ੀਰ ਅਹਿਮਦ (ਅ) ਸਾਈਂ ਮੀਆਂ ਮੀਰ

   (ੲ) ਮਹਾਰਾਜ ਰਣਜੀਤ ਸਿੰਘ (ਸ) ਦਾਰਾ ਸ਼ਿਕੋਹ

4. ਅਮਰੀਕਾ ਦੀ ਕਰੰਸੀ ਦਾ ਨਾਂ ਕੀ ਹੈ?

   (ੳ) ਡਾਲਰ (ਅ) ਪੌਂਡ

   (ੲ) ਯੂਰੋ (ਸ) ਰੁਪਇਆ

5. ਪੰਜਾਬੀ ਭਾਸ਼ਾ ਦਾ ਇਤਿਹਾਸ ਲਗਭਗ ਕਿੰਨਾ-ਕੁ ਪੁਰਾਣਾ ਹੈ?

   (ੳ) ਦੋ ਹਜ਼ਾਰ ਸਾਲ ਪੁਰਾਣਾ (ਅ) ਪੰਜ ਹਜ਼ਾਰ ਸਾਲ ਪੁਰਾਣਾ

   (ੲ) ਚਾਰ ਹਜ਼ਾਰ ਸਾਲ ਪੁਰਾਣਾ (ਸ) ਅੱਠ ਹਜ਼ਾਰ ਸਾਲ ਪੁਰਾਣਾ

ਭਾਗ(ੲ): ਹੇਠ ਲਿਖੇ ਕਥਨਾਂ ਵਿੱਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ:

1. ਅਮਰੀਕਨ ਲੋਕਾਂ ਦੀ ਨਿਤਾਪ੍ਰਤੀ ਦੇ ਕੰਮਾਂ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਹੈ।
2. ਪੰਜਾਬੀ ਭਾਸ਼ਾ ਲਈ ਭਾਰਤੀ ਪੰਜਾਬ ਵਿੱਚ ਸ਼ਾਹਮੁਖੀ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ।
3. ਭਾਈ ਵੀਰ ਸਿੰਘ ਅਨੁਸਾਰ ਵੈਰੀ ਨਾਗ ਦਾ ਚਸ਼ਮਾ ਇਲਾਹੀ ਤੇ ਖ਼ੂਬਸੂਰਤ ਲੱਗਾ।
4. 'ਸਿਪਾਹੀ ਦਾ ਦਿਲ' ਅੰਮ੍ਰਿਤਾ ਪ੍ਰੀਤਮ ਦੀ ਰਚਨਾ ਹੈ।
5. ਪੁਰਾਤਨ ਗੁਰਮੁਖੀ ਲਿਪੀ ਵਿੱਚ ਕੁੱਲ 31 ਵਰਨ/ਅੱਖਰ ਸਨ।

ਭਾਗ(ਸ): ਖ਼ਾਲੀ ਥਾਵਾਂ ਭਰੋ:

1. 'ਉਪ-ਭਾਸ਼ਾ' ਅਗਰੇਜ਼ੀ ਸ਼ਬਦ ………… ਦਾ ਸਿੱਧਾ ਪੰਜਾਬੀ ਅਨੁਵਾਦ ਹੈ।
   (ਡਾਇਰੈਕਟ/ਡਾਇਲੈਕਟ/ਡਿਕਸ਼ਨਰੀ/ਡਿਕਟੇਟਰ)
2. ਮਲਾਇਆ ਦੇ ਜੰਗਲ ਬਹੁਤ …………… ਹਨ।(ਸੰਘਣੇ/ਵਿਰਲ/ਘੱਟ ਸੰਘਣੇ/ਬਹੁਤ ਵਿਰਲ)
3. ……….ਨੂੰ ਨਵ-ਰਹੱਸਵਾਦੀ ਝੁਕਾਅ ਦਾ ਮੋਢੀ ਕਵੀ ਕਿਹਾ ਜਾਂਦਾ ਹੈ।
   (ਪ੍ਰੋ.ਪੂਰਨ ਸਿੰਘ/ਬਾਵਾ ਬਲਵੰਤ/ਭਾਈ ਵੀਰ ਸਿੰਘ/ਧਨੀ ਰਾਮ ਚਾਤ੍ਰਿਕ)
4. ਅੰਮ੍ਰਿਤਾ ਪ੍ਰੀਤਮ ਦੇ …….ਕਾਵਿ-ਸੰਗ੍ਰਹਿ ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ।(ਲੋਕ-ਪੀੜਾ/ਨਾਗਮਣੀ/ਪੱਥਰ ਗੀਟੇ/ਸੁਨੇਹੜਾ)
5. ਪ੍ਰੋ. ਪੂਰਨ ਸਿੰਘ ਦਾ ਜਨਮ ……….ਵਿੱਚ ਹੋਇਆ।(1818/1981/1881/1918)

**20x2=40**

ਪ੍ਰਸ਼ਨ 2. ਹੇਠ ਲਿਖੇ ਭਾਗਾਂ ਦੀਆਂ ਕਾਵਿ-ਸਤਰਾਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ) ਬੱਚੇ ਨੂੰ ਅਣਡੱਕੇ ਰਾਹਾਂ 'ਤੇ
ਤੁਰਨ ਤੋਂ ਵਰਜਣਾ ਵੀ ਜੁਰਮ ਹੈ
ਬੱਚੇ ਨੂੰ ਪੌੜੀਂ ਚੜ੍ਹਦਿਆਂ
ਅਗਲਾ ਡੰਡਾ ਚੜ੍ਹਨ ਤੋਂ ਰੋਕਣਾ,
ਡਰਾਉਣਾ ਜੁਰਮ ਹੈ।

(ਅ) ਫੁੱਲਾ ਵੇ ਫੁੱਲਾ
ਤੂੰ ਤਾਂ ਦੋ ਪਲ ਮਹਿਕ ਖਿੰਡਾ ਕੇ
ਹੱਸਣਾ ਤੇ ਤੁਰ ਜਾਣਾ,
ਰੂਪ, ਰੰਗ, ਰਸ ਧੁੱਪ ਤੋਂ ਲੈ ਕੇ,
ਧੁੱਪਾਂ ਵਿੱਚ ਖਰ ਜਾਣਾ। 2+3=5

ਪ੍ਰਸ਼ਨ 3. ਕਿਸੇ **ਇੱਕ** ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਪ੍ਰਾਹੁਣੀ
(ਅ) ਸਿਪਾਹੀ ਦਾ ਦਿਲ
(ੲ) ਮੇਰੀ ਨਹੀਂ ਪੁੱਗਦੀ। 3

ਪ੍ਰਸ਼ਨ 4. ਆਧੁਨਿਕ ਕਵਿਤਾ ਦੇ ਪ੍ਰਮੁੱਖ ਝੁਕਾਵਾਂ 'ਤੇ ਨੋਟ ਲਿਖੋ।

ਜਾਂ

ਪੂਰਨ ਸਿੰਘ ਦੀ ਕਾਵਿਕ-ਕਲਾ ਸੰਬੰਧੀ ਇੱਕ ਭਾਵਪੂਰਤ ਨੋਟ ਲਿਖੋ। 5

ਪ੍ਰਸ਼ਨ 5. **ਅੱਖੀਂ ਡਿੱਠੀ ਦੁਨੀਆ** ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ **ਦੋ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(ੳ) ਲੰਦਨ ਦੇ ਲੋਕਾਂ ਦਾ ਵਿਹਾਰ ਕਿਹੋ-ਜਿਹਾ ਹੈ ?

(ਅ) ਅਮਰੀਕਾ ਵਿੱਚ ਲੜਕੇ ਅਤੇ ਲੜਕੀ ਦੇ ਜਨਮ ਦੀ ਖ਼ੁਸ਼ੀ ਸਮਾਨ ਹੈ, ਕਿਵੇਂ ?

(ੲ) ਜੰਗਲ਼-ਨਿਵਾਸੀਆਂ ਦਾ ਰਹਿਣ-ਸਹਿਣ ਕਿਸ ਪ੍ਰਕਾਰ ਦਾ ਹੈ ?

(ਸ) ਲੇਖਕ ਨੇ ਲਾਹੌਰ ਅਤੇ ਰਾਵਲਪਿੰਡੀ ਵਿੱਚ ਕੀ ਅੰਤਰ ਦੱਸਿਆ ਹੈ ? 2x4=8

ਪ੍ਰਸ਼ਨ 6. **ਅੱਖੀਂ ਡਿੱਠੀ ਦੁਨੀਆ** ਪਾਠ-ਪੁਸਤਕ ਦੇ ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਸਫ਼ਰਨਾਮਾ-ਅੰਸ਼ ਦਾ ਸੰਖੇਪ ਸਾਰ ਲਿਖੋ :

(ੳ) ਕਲਾਕਾਰਾਂ ਦੀ ਬਸਤੀ (ਬਲਵੰਤ ਗਾਰਗੀ)

(ਅ) ਇੰਗਲੈਂਡ ਤੇ ਭਾਰਤ (ਸੰਤੋਖ ਸਿੰਘ ਧੀਰ)

(ੲ) ਰੱਜੀ-ਪੁੱਜੀ ਮਿੱਟੀ (ਬਲਰਾਜ ਸਾਹਨੀ) 5

ਪ੍ਰਸ਼ਨ 7. 'ਭਾਸ਼ਾ-ਬੋਧ' ਪਾਠ-ਪੁਸਤਕ 'ਤੇ ਆਧਾਰਿਤ **ਕੋਈ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ:**

(ੳ) ਪੰਜਾਬੀ ਭਾਸ਼ਾ ਦੇ ਮਹੱਤਵ ਤੇ ਇਸ ਦੇ ਇਤਿਹਾਸ ਬਾਰੇ ਜਾਣਕਾਰੀ ਦਿਉ।

(ਅ) ਪੰਜਾਬੀ ਭਾਸ਼ਾ ਦੀ ਬਣਤਰ ਉੱਤੇ ਸੰਖੇਪ ਨੋਟ ਲਿਖੋ।

(ੲ) ਗੁਰਮੁਖੀ ਲਿਪੀ ਦੇ ਨਿਕਾਸ ਤੇ ਵਿਕਾਸ ਬਾਰੇ ਸੰਖੇਪ ਜਾਣਕਾਰੀ ਦਿਉ।

(ਸ) ਕੀ ਗੁਰਮੁਖੀ ਲਿਪੀ ਨੂੰ ਗੁਰੂ ਸਾਹਿਬ ਨੇ ਬਣਾਇਆ? ਚਰਚਾ ਕਰੋ। 2x3=6

ਪ੍ਰਸ਼ਨ 8. ਹੇਠ ਲਿਖੇ ਭਾਗਾਂ ਵਿੱਚੋਂ ਕਿਸੇ **ਇੱਕ** ਭਾਗ ਦੇ ਪ੍ਰਸ਼ਨਾਂ ਦੇ ਉੱਤਰ ਦਿਉ:

(ੳ) ਹੇਠ ਲਿਖੇ ਸ਼ਬਦਾਂ ਵਿੱਚੋਂ ਕੋਈ ਤਿੰਨ ਦੇ ਟਕਸਾਲੀ ਰੂਪ ਲਿਖੋ :

ਮਿੱਘੀ (ਪੋਠੋਹਾਰੀ), ਇਬ (ਪੁਆਧੀ), ਘੇ (ਪੁਆਧੀ), ਹੁਝਕਾ (ਮਲਵਈ), ਗਾੜੀ (ਮਾਝੀ), ਡੇਨੀਆਂ (ਮੁਲਤਾਨੀ)।

(ਅ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਤਿੰਨ ਦੇ ਉਪਭਾਸ਼ਾਈ ਰੂਪ ਲਿਖੋ :

ਬੱਚਾ (ਪੋਠੋਹਾਰੀ), ਤਕ (ਮਾਝੀ), ਸ਼ਾਮ (ਮਲਵਈ), ਜੰਞ (ਦੁਆਬੀ), ਨਾਲ਼-ਨਾਲ਼ (ਪੁਆਧੀ), ਘਾਟ (ਮੁਲਤਾਨੀ)।

(ੲ) ਮਾਝੀ ਜਾਂ ਮਲਵਈ ਉਪਭਾਸ਼ਾ 'ਤੇ ਉਦਾਹਰਨਾਂ ਸਹਿਤ ਸੰਖੇਪ ਨੋਟ ਲਿਖੋ। 1x3=3